# ਪੰਜਾਬ ਸਰਕਾਰ
# ਰਾਸਟਰੀ ਸਿਹਤ ਮਿਸ਼ਨ
# ਸਿਹਤ ਤੇ ਪਰਿਵਾਰ ਭਲਾਈ ਵਿਭਾਗ

ਪੰਜਵੀਂ ਮੰਜਿਲ, ਪਰਿਆਸ ਬਿਲਡਿੰਗ, ਦੱਖਣ ਮਾਰਗ, ਸੈਕਟਰ 38- ਬੀ ਚੰਡੀਗੜ, 160036
☎. 0172-4012011, 4012012, **Fax:** 0172-4012013


ਨੰ. ਰ.ਸ.ਮ./ਪੰ./21/ਐਮ.ਐਚ.ਆਰ/ 79543 dated:- 12/01/2022

## ਹੁਕਮ

ਰਾਸ਼ਟਰੀ ਸਿਹਤ ਮਿਸ਼ਨ ਪੰਜਾਬ ਅਧੀਨ COVID-19 ਦੀ ਮਾਹਾਮਾਰੀ ਕਾਰਨ ਕਰਮਚਾਰੀਆਂ ਨੂੰ ਦਫਤਰੀ ਹੁਕਮ ਨੰ 70686 ਮਿਤੀ 29.06.2021 ਮੁਤਾਬਿਕ ਛੁੱਟੀਆਂ ਦੇਣ ਦੀ ਵਿਵਸਥਾ ਹੈ।ਹੁਣ ਪੰਜਾਬ ਸਰਕਾਰ ਦੀਆਂ Home Isolation ਸਬੰਧੀ ਨਵੀਆਂ ਹਦਾਇਤਾਂ ਮੁਤਾਬਿਕ COVID-19 ਦੀ ਮਾਹਾਮਾਰੀ ਕਾਰਨ ਦਫਤਰੀ ਹੁਕਮ ਨੰ 70686 ਮਿਤੀ 29.06.2021 ਨੂੰ ਰੱਦ ਕਰਦੇ ਹੋਏ ਹੇਠ ਲਿਖੇ ਅਨੁਸਾਰ ਛੁੱਟੀਆਂ ਮੰਨਜੂਰ ਕੀਤੀਆਂ ਜਾਣਗੀਆਂ:-

i. COVID Positive ਪਾਏ ਜਾਣ ਤੋਂ 7 ਦਿਨਾਂ ਤੱਕ ਦੀ ਇਕਾਂਤਵਾਸ (Quarantine) ਛੁੱਟੀ ਤਨਖਾਹ ਸਮੇਤ ਦਿੱਤੀ ਜਾਵੇਗੀ।ਇਕਾਂਤਵਾਸ (Quarantine) ਛੁੱਟੀ ਮੈਡੀਕਲ ਲੀਵ ਅਤੇ ਅਚਨਚੇਤ ਛੁੱਟੀ ਤੋਂ ਵੱਖਰੀ ਮਿਲੇਗੀ।

ii. ਜੇਕਰ ਕਿਸੇ ਕਰਮਚਾਰੀ ਦਾ ਨਜਦੀਕੀ ਰਿਸ਼ਤੇਦਾਰ ਜਿਵੇਂ ਕਿ ਬੱਚੇ, ਘਰਵਾਲਾ/ਘਰਵਾਲੀ, ਮਾਂ-ਬਾਪ( ਜੋ ਕਰਮਚਾਰੀ ਉਪਰ ਡਿਪੈਂਡ ਹੋਣ ਅਤੇ ਕਰਮਚਾਰੀ ਦੇ ਨਾਲ ਰਹਿੰਦੇ ਹੋਣ) COVID Positive ਪਾਏ ਜਾਂਦੇ ਹਨ ਤਾਂ ਕਰਮਚਾਰੀ ਵੱਲੋਂ ਆਪਣੇ ਨਜ਼ਦੀਕੀ ਰਿਸ਼ਤੇਦਾਰ ਦੇ COVID Positive ਪਾਏ ਜਾਣ ਤੋਂ ਤੁਰੰਤ ਬਾਅਦ ਆਪਣਾ COVID ਟੈਸਟ ਕਰਵਾਉਣਾਂ ਲਾਜ਼ਮੀ ਹੋਵੇਗਾ।ਜੇਕਰ ਕਰਮਚਾਰੀ ਦੀ ਰਿਪੋਰਟ COVID Negative ਆਉਂਦੀ ਹੈ ਤਾਂ ਕਰਮਚਾਰੀ ਨੂੰ ਦਫਤਰ ਹਾਜ਼ਰ ਹੋਣਾ ਹੋਵੇਗਾ।ਇਸ ਤਰਾਂ ਨਜ਼ਦੀਕੀ ਰਿਸ਼ਤੇਦਾਰ ਦੇ COVID Positive ਪਾਏ ਜਾਣ ਤੇ ਕਰਮਚਾਰੀ ਨੂੰ ਵੱਧ ਤੋਂ ਵੱਧ 2 ਦਿਨਾਂ ਦੀ ਹੀ ਛੁੱਟੀ ਤਨਖਾਹ ਸਮੇਤ ਮਿਲਣਯੋਗ ਹੋਵੇਗੀ ਜੋ ਕਿ ਮੈਡੀਕਲ ਲੀਵ ਅਤੇ ਅਚਨਚੇਤ ਛੁੱਟੀ ਤੋਂ ਵੱਖਰੀ ਮਿਲੇਗੀ।

iii. ਜਿਹੜੇ ਕਰਮਚਾਰੀ ਨੂੰ ਬੁਖਾਰ/ਖੰਘ/ਜੁਖਾਮ ਜਾਂ COVID ਦੇ ਕੋਈ ਲੱਛਣ ਪਾਏ ਜਾਂਦੇ ਹਨ ਤਾਂ ਅਹਿਜੇ ਕਰਮਚਾਰੀ ਦਾ COVID ਟੈਸਟ ਕਰਵਾਉਣ ਲਾਜ਼ਮੀ ਹੋਵੇਗਾ। ਕਰਮਚਾਰੀ ਵੱਲੋਂ ਇਸ

Scanned with CamScanner

ਸਬੰਧੀ ਦਫਤਰ ਨੂੰ ਤੁਰੰਤ ਸੂਚਿਤ ਕਰਨਾ ਜਰੂਰੀ ਹੋਵੇਗਾ। ਕਰਮਚਾਰੀਆਂ ਵੱਲੋਂ ਆਪਣਾ COVID ਟੈਸਟ ਕਰਵਾਇਆ ਜਾਂਦਾ ਹੈ ਤਾਂ ਉਹ ਟੈਸਟ ਦੀ ਰਿਪੋਰਟ ਆਉਣ ਤੱਕ ਦਫਤਰ ਵਿਚ ਹਾਜ਼ਰ ਨਹੀਂ ਹੋਣਗੇ। ਇਸ ਸਬੰਧੀ ਕਰਮਚਾਰੀਆਂ ਦੀ ਛੁੱਟੀ ਤਨਖਾਹ ਸਮੇਤ ਮੰਨੀ ਜਾਵੇਗੀ ਅਤੇ ਇਹ ਮੈਡੀਕਲ ਅਤੇ ਅਚਨਚੇਤ ਛੁੱਟੀ ਤੋਂ ਵੱਖਰੀ ਮਿਲੇਗੀ।ਜੇਕਰ ਕਰਮਚਾਰੀ ਦੀ ਰਿਪੋਟਰ COVID Negative ਆਉਂਦੀ ਹੈ ਤਾਂ ਉਹ ਦਫਤਰ ਵਿਚ ਹਾਜ਼ਰ ਰਹਿਣਗੇ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਕੁਮਾਰ ਰਾਹੁਲ, ਆਈ.ਏ.ਐਸ
ਮਿਸ਼ਨ ਡਾਇਰੈਕਟਰ ਐਨ.ਐਚ.ਐਮ.ਪੰਜਾਬ।

ਪਿੰਠ ਅੰਕਣ ਨੰ. ਰ.ਸ.ਮ./ਪੰ./21/ਐਮ.ਐਚ.ਆਰ/ 79544-50 ਮਿਤੀ- 12/01/2022

ਉਪਰੋਕਤ ਦਾ ਉਤਾਰਾ:-

1. ਨਿੱਜੀ ਸਹਾਇਕ, ਐਮ.ਡੀ. ਐਨ.ਐਚ.ਐਮ. ਨੂੰ ਮਾਣਯੋਗ ਮਿਸ਼ਨ ਡਾਇਰੈਕਟਰ ਜੀ ਦੀ ਜਾਣਕਾਰੀ ਹਿੱਤ।
2. ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ।
3. ਡਾਇਰੈਕਟਰ ਪਰਿਵਾਰ ਭਲਾਈ ਪੰਜਾਬ।
4. ਡਾਇਰੈਕਟਰ ਪੀ.ਐਚ.ਐਸ.ਸੀ. ਮੋਹਾਲੀ।
5. ਡਾਇਰੈਟਕਰ ਆਯੁਰਵੈਦਾ ਪੰਜਾਬ ਅਤੇ ਮੁੱਖੀ ਹੋਮਿਓਪੈਥੀ ਵਿਭਾਗ ਪੰਜਾਬ ਨੂੰ ਜਾਣਕਾਰੀ ਅਤੇ ਕਾਰਵਾਈ ਹਿੱਤ।
6. ਸਮੂਹ ਸਿਵਲ ਸਰਜਨ ਪੰਜਾਬ ਨੂੰ ਜਾਣਕਾਰੀ ਅਤੇ ਕਾਰਵਾਈ ਹਿੱਤ।
7. ਸਮੂਹ ਪ੍ਰੋਗਰਾਮ ਅਫਸਰ/ਮੈਨੇਜਰ/ਕੰਸਲਟੈਂਟ ਐਨ.ਐਚ.ਐਮ. ਪੰਜਾਬ।

ਡਾਇਰੈਕਟਰ
ਐਨ.ਐਚ.ਐਮ. ਪੰਜਾਬ।

Scanned with CamScanner